ਸੰਪਾਦਕ ਦੀ ਕਲਮ 'ਚੋਂ ...



-ਭਵਨਦੀਪ ਸਿੰਘ ਪੁਰਬਾ
ਮੁੱਖ ਸੰਪਾਦਕ: ਮਹਿਕ ਵਤਨ ਦੀ ਲਾਈਵ
1195, ਅਜੀਤ ਨਗਰ ਮੋਗਾ (ਪੰਜਾਬ)
E-mail: bhawandeep.purba@gmail.com

ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ
ਮਹਿਕ ਵਤਨ ਦੀ
Monthly 'Mehak Watan Di Live' Moga ● ਲਾਈਵ
Title Regd. No. PunPun-04016 Year 2 Edition 2 Issue Date 2-5-2016

# ਕੀ ਹੁਣ ਵੀ ਪੰਜਾਬ 'ਤੇ ਮਾਣ ਕਰੀਏ




ਆਮ ਹੀ ਗੱਡੀਆਂ ਦੇ ਮਗਰ ਤੇ ਇੱਥੋਂ ਤੱਕ ਕਿ ਹੁਣ ਤਾਂ ਕਾਰਾਂ,ਜੀਪਾਂ ਤੇ ਸਕੂਟਰ ਮੋਟਰ ਸਾਇਕਲਾਂ 'ਤੇ ਵੀ ਪੰਜਾਬ ਬਾਰੇ ਤਰ੍ਹਾਂ-ਤਰ੍ਹਾਂ ਦੇ ਟੋਟਕੇ ਲਿਖੇ ਨਜ਼ਰ ਆਉਂਦੇ ਹਨ- ਜਿਵੇਂ ਕਿ 'ਮੇਰਾ ਵਸਦਾ ਰਹੇ ਪੰਜਾਬ, ਮੇਰਾ ਰੰਗਲਾ ਦੇਸ ਪੰਜਾਬ, ਗੱਭਰੂ ਪੰਜਾਬ ਦੇ, ਸੋਹਣਾ ਵਿਰਸਾ ਪੰਜਾਬ ਦਾ, 'ਆਈ ਐਮ ਪਰਾਊਡ ਟੂ ਬੀ ਏ ਪੰਜਾਬ' ਆਦਿ। ਪਰ ਸਮਝ ਨਹੀਂ ਆਉਂਦੀ ਕਿ ਅਸੀਂ ਕਿਸ ਪੰਜਾਬ 'ਤੇ ਮਾਣ ਕਰਨ ਦੀ ਗੱਲ ਕਰ ਰਹੇ ਹਾਂ। ਪੰਜਾਬ ਨੇ ਕਿਸ ਖੇਤਰ 'ਚ ਮੱਲਾਂ ਮਾਰ ਲਈਆਂ ਹਨ ਜਿਸ 'ਤੇ ਅਸੀਂ ਮਾਣ ਕਰੀਏ। ਹਾਂ! ਕੁਝ ਚੀਜ਼ਾਂ ਹਨ ਜਿਨ੍ਹਾਂ 'ਚ ਪੰਜਾਬ 'ਨੰਬਰ ਵਨ' ਹੈ। ਕੀ ਅਸੀਂ ਉਨ੍ਹਾਂ ਚੀਜ਼ਾਂ 'ਤੇ ਮਾਣ ਕਰੀਏ...? ਜਿਵੇਂ ਕਿ ਕੁਰੱਪਸ਼ਨ 'ਚ ਮੇਰਾ ਪੰਜਾਬ ਨੰਬਰ ਵਨ ਹੈ, ਬੇਰੁਜ਼ਗਾਰੀ 'ਚ ਕਿਸੇ ਨਾਲੋਂ ਪਿੱਛੇ ਨਹੀਂ, ਨਸ਼ਿਆਂ 'ਚ ਤਾਂ ਇਹ ਸਭ ਨੂੰ ਹੀ ਪਿਛਾਂਹ ਛੱਡਦਾ ਜਾ ਰਿਹੈ, ਕੀ ਇਹ ਮਾਣ ਕਰਨ ਵਾਲੀਆਂ ਗੱਲਾਂ ਹਨ...? ਕੁਰੱਪਸ਼ਨ ਦੀ ਗੱਲ ਕਰਨ ਦਾ ਤਾਂ ਫਾਇਦਾ ਹੀ ਨਹੀਂ। ਇਸ ਨੂੰ ਤਾਂ ਪੰਜਾਬ 'ਚੋਂ ਜੇਕਰ ਰੱਬ ਹੀ ਹਟਾ ਸਕਦਾ ਹੈ । ਬੇਰੁਜ਼ਗਾਰੀ ਹਟਾਉਣ 'ਚ ਸਿਆਸਤਦਾਨਾਂ ਦੀ ਦਿਲਚਸਪੀ ਨਹੀਂ। ਜੇਕਰ ਸਾਰਿਆਂ ਨੂੰ ਰੁਜ਼ਗਾਰ ਮਿਲ ਗਿਆ ਤਾਂ ਉਨ੍ਹਾਂ ਨੂੰ ਕੌਣ ਪੁੱਛੂ...? ਜੇਕਰ ਨਸ਼ਿਆਂ ਬਾਰੇ ਸੋਚੀਏ ਤਾਂ ਪੁਲਿਸ, ਅਫਸਰਾਂ ਤੇ ਸਿਆਸਤਦਾਨਾਂ ਦਾ ਗਠਜੋੜ ਟੁੱਟ ਜਾਵੇਗਾ।

ਨਸ਼ਿਆਂ ਦੇ ਵਧਦੇ ਜਾ ਰਹੇ ਰੁਝਾਨ ਨੂੰ ਦੇਖਕੇ ਤਾਂ ਰੋਣਾਂ ਆਉਂਦਾ ਹੈ ਤੇ ਦਿਲ 'ਚੋਂ ਚੀਸ ਉੱਠਦੀ ਹੈ ਕਿ ਰੱਬਾ ਨਸ਼ੇ ਕਰਨ ਵਾਲਿਆਂ ਨੂੰ ਸੁਮੱਤ ਬਖਸ਼ੀਂ। ਨਸ਼ਿਆਂ ਦੇ ਜਾਲ 'ਚ ਪਹਿਲਾਂ ਤਾਂ ਸਾਡੇ ਵੀਰ ਹੀ ਫਸੇ ਸਨ ਹੁਣ ਤਾਂ ਭੈਣਾਂ ਵੀ ਪਿੱਛੇ ਨਹੀਂ। ਉਹ ਪਿੱਛੇ ਰਹਿਣ ਵੀ ਕਿਉਂ, "ਉਹ ਕਿਹੜਾ ਕਿਸੇ ਦੀ ਨਾਲੋਂ ਘੱਟ ਹਨ।" ਅੱਜ ਦੇ ਜ਼ਮਾਨੇ 'ਚ ਔਰਤਾਂ ਮਾਰਦਾਂ ਦੇ ਬਰਾਬਰ ਹੱਕ ਰੱਖਦੀਆਂ ਹਨ। ਜੇਕਰ ਬਾਕੀ ਹੱਕਾਂ 'ਚ ਉਹ ਮਰਦਾਂ ਦੇ ਬਰਾਬਰ ਹਨ ਤਾਂ ਨਸ਼ਿਆਂ 'ਚ ਉਹ ਕਿਵੇਂ ਪਿੱਛੇ ਰਹਿ ਜਾਣਗੀਆਂ।

ਸਾਰੇ ਜਾਣਦੇ ਹਨ ਕਿ ਨਸ਼ੇ ਸਰੀਰ ਲਈ ਨੁਕਸਾਨ ਦੇਹ ਹਨ, ਪੈਸਿਆਂ ਦੀ ਬਰਬਾਦੀ ਹੈ, ਲੜਾਈ-ਝਗੜੇ ਦਾ ਕਾਰਨ ਬਣਦੇ ਹਨ, ਬੇਰੁਜ਼ਗਾਰ ਨਸ਼ਿਆਂ ਦੇ ਆਦਿ ਹੋ ਕੇ ਅਗਾਂਹ ਜਾ ਕੇ ਚੋਰੀਆਂ-ਡਾਕਿਆਂ 'ਚ ਸ਼ਾਮਲ ਹੋਣ ਲੱਗ ਪੈਂਦੇ ਹਨ ਤੇ ਆਪਣੀ ਜਾਨ ਵੀ ਗੁਆ ਬੈਠਦੇ ਹਨ। ਇਹ ਸਭ ਕੁਝ ਜਾਨਣ ਦੇ ਬਾਵਜੂਦ ਵੀ ਲੋਕ ਨਸ਼ਿਆਂ 'ਚ ਧਸਦੇ ਹੀ ਜਾ ਰਹੇ ਹਨ ਕਿਉਂ ਇਸ ਨਾਮੁਰਾਦ ਬਿਮਾਰੀ ਤੋਂ ਦੂਰ ਨਹੀਂ ਰਹਿੰਦੇ ? ਬਹੁਤੇ ਲੋਕ ਤਾਂ ਆਪਣੇ ਕੀਤੇ ਨਸ਼ੇ ਨੂੰ ਨਸ਼ਾ ਹੀ ਨਹੀਂ ਸਮਝਦੇ। ਸਾਡੇ ਪਿੰਡ ਇੱਕ ਘਰ ਦੇ ਬਾਹਰਲੇ ਗੇਟ ਤੇ ਲਿਖ ਕੇ ਲਾਇਆ ਹੋਇਆ ਹੈ ਕਿ ਕਿਸੇ ਵੀ ਕਿਸਮ ਦਾ ਨਸ਼ਾ ਕਰਕੇ ਅੰਦਰ ਆਉਣਾ ਸਖ਼ਤ ਮਨਾ ਹੈ ਪਰ ਉਸ ਨੂੰ ਸੁੱਖਾ ਤੇ ਅਫ਼ੀਮ ਖਾਂਦਿਆਂ ਕਈ ਵਾਰ ਲੋਕਾਂ ਨੇ ਦੇਖਿਆ ਹੈ। ਇੱਕ ਦਿਨ ਮੈਂ ਕਿਸੇ ਕੰਮ, ਉਸ ਦੇ ਘਰ ਗਿਆ। ਉਸ ਨੇ ਅਫੀਮ ਦੀ ਵੱਡੀ ਸਾਰੀ ਗੋਲੀ ਵੱਟੀ ਤੇ ਸੁੱਕੀ ਹੀ ਲੰਘਾ ਗਿਆ। ਮੈਂ ਉਸ ਨੂੰ ਪੁੱਛਿਆ ਕਿ ਤੁਸੀਂ ਬਾਹਰ ਤਾਂ ਲਿਖ ਕੇ ਲਾਇਆ ਹੈ ਕਿ ਕਿਸੇ ਕਿਸਮ ਦਾ ਨਸ਼ਾ ਕਰਕੇ ਅੰਦਰ ਆਉਣਾ ਮਨਾ ਹੈ ਤੇ ਆਪ ਤੁਸੀਂ ਨਸ਼ੇ ਕਰੀ ਜਾਂਦੇ ਹੋ? ਤਾਂ ਉਹ ਆਖਣ ਲੱਗਾ, "ਕਾਕਾ, ਆਹ ਅਫੀਮ, ਡੋਡੇ ਤੇ ਸੁੱਖਾ ਇਹ ਕੋਈ ਨਸ਼ਾ ਥੋੜ੍ਹਾ...। ਨਸ਼ਾ ਤਾਂ ਸ਼ਰਾਬ ਨੂੰ ਮੰਨਿਆ ਗਿਆ ਹੈ ਉਹ ਦੈਤਾਂ ਵਾਸਤੇ ਬਣੀ ਹੈ ਇਨਸਾਨਾਂ ਵਾਸਤੇ ਨਹੀਂ।



ਜਰਦਾ, ਬੀੜਾ ਲਾਉਣ ਵਾਲੇ ਨੂੰ ਪੁੱਛੀਏ ਕਿ ਤੁਸੀਂ ਇਹ ਨਸ਼ਾ ਕਿਉਂ ਕਰਦੇ ਹੋ ਤਾਂ ਹਰੇਕ ਦਾ ਇਹੋ ਜੁਆਬ ਹੁੰਦਾ ਕਿ ਜਰਦਾ ਜਾਂ ਬੀੜਾ ਕੋਈ ਨਸ਼ਾ ਥੋੜ੍ਹਾ ਹੈ। ਜੇਕਰ ਉਨ੍ਹਾਂ ਨੂੰ ਪੁੱਛੀਏ ਕਿ ਤੁਸੀਂ ਇਹ ਕਿਉਂ ਲਾਉਂਦੇ ਹੋ ਤਾਂ ਉਨ੍ਹਾਂ ਕੋਲ ਇਸ ਗੱਲ ਦਾ ਕੋਈ ਜਵਾਬ ਨਹੀਂ ਹੁੰਦਾ। ਕਹਿਣਗੇ ਬੱਸ....ਐਵੇ ਹੀ...ਭਲ਼ ਜਿਹੀ ਹੈ।

ਆਖਰ ਇਹ ਨੌਜਆਨ ਨਸ਼ਿਆਂ 'ਚ ਕਿਉਂ ਪੈਂਦੇ ਹਨ। ਸ਼ਾਇਦ ਇਸ ਦਾ ਮੁੱਖ ਕਾਰਨ ਤਾਂ ਬੇਰੁਜ਼ਗਾਰੀ ਹੀ ਹੈ। ਜੇਕਰ ਇਕੱਲੇ ਪੰਜਾਬ ਦੀ ਹੀ ਗੱਲ ਕਰੀਏ ਤਾਂ ਲੱਖਾਂ ਵਿਦਿਆਰਥੀ ਹਰ ਸਾਲ ਡਿਗਰੀਆਂ ਤੇ ਟੈਕਨੀਕਲ ਡਿਪਲੋਮੇ ਕਰਕੇ ਨਿੱਕਲਦੇ ਹਨ ਪਰ ਬਹੁਤ ਹੀ ਘੱਟ ਹੁੰਦੇ ਹਨ ਜਿਨ੍ਹਾਂ ਨੂੰ ਨੌਕਰੀ ਮਿਲਦੀ ਹੈ। ਨੌਕਰੀ ਤਾਂ ਰਾਜਸੀ ਪਹੁੰਚ, ਜ਼ਿਆਦੇ ਪੈਸੇ ਵਾਲੇ ਜਾਂ ਉਹ ਵਿਦਿਆਰਥੀ ਜਿਨ੍ਹਾਂ ਨੇ ਪਹਿਲਾ, ਦੂਜਾ ਜਾਂ ਤੀਜਾ ਸਥਾਨ ਹਾਸਲ ਕੀਤਾ ਹੁੰਦਾ ਹੈ ਉਨ੍ਹਾਂ ਨੂੰ ਹੀ ਨਸੀਬ ਹੁੰਦੀਆਂ ਹਨ। ਬਾਕੀ ਦੇ ਸਾਰੇ ਵਿਦਿਆਰਥੀ ਬੇਰੁਜ਼ਗਾਰੀ ਦੀ ਮਾਰ ਹੇਠ ਆ ਜਾਂਦੇ ਹਨ। ਆਪਣੀ ਡਿਗਰੀ ਤੇ ਡਿਪਲੋਮੇ ਕਾਰਨ ਉਹ ਛੋਟੀ-ਮੋਟੀ ਨੌਕਰੀ ਜਾਂ ਕੰਮ ਕਰਦੇ ਨਹੀਂ ਤੇ ਉਨ੍ਹਾਂ ਦੀ ਪੜ੍ਹਾਈ-ਲਿਖਾਈ ਦੇ ਬਰਾਬਰ ਉਨ੍ਹਾਂ ਨੂੰ ਨੌਕਰੀ ਜਾਂ ਕੰਮ ਧੰਦਾ ਮਿਲਦਾ ਨਹੀਂ ਜਿਸ ਕਾਰਨ ਉਹ ਆਰਥਿਕ ਮਾਯੂਸੀ ਦੀ ਗੁਫਾ 'ਚ ਜਾ ਬੈਠਦੇ ਹਨ। ਉਹ ਆਪਣੀ ਮਾਯੂਸੀ ਤੋਂ ਛੁਟਕਾਰਾ ਪਾਉਣ ਲਈ, ਆਪਣੇ ਫਿਕਰਾਂ ਤੋਂ ਮੁਕਤ ਹੋਣ ਲਈ ਨਸ਼ੇ ਦਾ ਸਹਾਰਾ ਲੈਂਦੇ ਹਨ। ਭਾਵੇਂ ਕਿ ਉਨ੍ਹਾਂ ਨੂੰ ਪਤਾ ਹੈ ਕਿ ਇਹ ਸਹਾਰਾ ਅਸਥਾਈ ਹੈ ਪਰ ਫਿਰ ਵੀ ਉਹ ਆਪਣੇ ਆਪ ਨੂੰ ਇਸ ਵਿੱਚ ਝੋਕ ਦਿੰਦੇ ਹਨ ਤੇ ਹੌਲੀ-ਹੌਲੀ ਇਸ ਦੀ ਆਦਤ ਦਾ ਸ਼ਿਕਾਰ ਹੋ ਜਾਂਦੇ ਹਨ।ਨਸ਼ਿਆਂ ਦੀ ਰੋਕਥਾਮ ਲਈ ਸਰਕਾਰ ਵੱਲੋਂ ਜੋ ਵੀ ਉਪਰਾਲੇ ਕੀਤੇ ਜਾ ਰਹੇ ਹਨ ਉਹ ਵੀ ਸਾਰਥਿਕ ਨਤੀਜੇ ਨਹੀਂ ਦੇ ਸਕੇ। ਸਿਆਸੀ ਨੇਤਾ, ਪੁਲਿਸ ਤੇ ਅਫ਼ਸਰ ਭਾਵੇਂ ਅਖਬਾਰਾਂ 'ਚ ਨਸ਼ੇ ਖਤਮ ਕਰ ਦੇਣ ਦੇ ਵੱਡੇ-ਵੱਡੇ ਬਿਆਨ ਲਵਾਈ ਜਾਣ। ਪਰ ਅਸਲੀਅਤ ਕੁਝ ਹੋਰ ਹੀ ਹੈ। ਹਾਦਸਿਆਂ ਦਾ ਜ਼ਿਆਦਾਤਰ ਕਾਰਨ ਨਸ਼ਾ ਹੀ ਹੁੰਦਾ ਹੈ। ਨਸ਼ੇ ਦੇ ਕਾਰਨ ਅਨੇਕਾਂ ਵਾਰ ਅਨੇਕਾਂ ਹੀ ਵਿਅਕਤੀ ਮੌਤ ਦੇ ਮੂੰਹ 'ਚ ਜਾ ਫਸਦੇ ਹਨ। ਜਿਨ੍ਹਾਂ ਦਾ ਸਮਾਜ 'ਚ ਥੋੜ੍ਹਾ ਨਾਂਅ ਤੇ ਰੁਤਬਾ ਹੁੰਦਾ ਹੈ ਅਕਸਰ ਹੀ ਸਿਆਸੀ ਨੇਤਾ ਉਨ੍ਹਾਂ ਦੀ ਖੁਸ਼ੀ-ਗਮੀ 'ਚ ਸ਼ਰੀਕ ਹੁੰਦੇ ਹਨ। ਪਰ ਕਦੇ ਦੇਖਿਆ ਹੈ ਕਿ ਨਸ਼ੇ ਕਾਰਨ ਹੋਈ ਮੌਤ 'ਤੇ ਜਾ ਕੇ ਕਿਸੇ ਲੀਡਰ ਨੇ ਕਿਹਾ ਹੋਵੇ ਕਿ ਇਸ ਸ਼ਖਸ ਨੇ ਨਸ਼ਾ ਕੀਤਾ ਸੀ ਜਿਸ ਕਾਰਨ ਇਸ ਦੀ ਮੌਤ ਹੋ ਗਈ। ਇਸ ਗੱਲ ਤੋਂ ਲੋਕਾਂ ਨੂੰ ਨਸੀਹਤ ਲੈਣੀ ਚਾਹੀਦੀ ਹੈ। ਉਸ ਦੇ ਕੀਤੇ ਨਸ਼ੇ ਦੀ ਬੁਰਾਈ ਨਹੀਂ ਕੀਤੀ ਜਾਂਦੀ। ਮੌਤ ਦੇ ਅਸਲੀ ਕਾਰਨਾਂ 'ਤੇ ਚਾਨਣਾ ਨਹੀਂ ਪਾਇਆ ਜਾਂਦਾ ਸਗੋਂ ਉਸ ਮਰਨ ਵਾਲੇ ਦੇ ਗੁਣ-ਗਾਣ ਕੀਤਾ ਜਾਂਦਾ ਹੈ।

ਸਕੂਲਾਂ ਕਾਲਜਾਂ 'ਚੋਂ ਨਸ਼ਿਆਂ 'ਤੇ ਅਕਸਰ ਸੈਮੀਨਾਰ ਹੁੰਦੇ ਰਹਿੰਦੇ ਹਨ ਪਰ ਅੱਧ ਨਾਲੋਂ ਵੱਧ ਇਹ ਸੈਮੀਨਾਰ ਦਿਖਾਵੇ ਲਈ ਹੀ ਹੁੰਦੇ ਹਨ। ਸੈਮੀਨਾਰ ਦੀ ਸਮਾਪਤੀ 'ਤੇ ਸੈਮੀਨਾਰ ਲਵਾਉਣ ਵਾਲੇ ਆਪ ਹੀ ਗਲਾਸੀਆਂ ਖੜਕਾਉਣ ਲੱਗ ਪੈਂਦੇ ਹਨ। ਇਸੇ ਤਰ੍ਹਾਂ ਕਾਲਜ 'ਚ ਲੱਗੇ ਇੱਕ ਨਸ਼ਾ ਵਿਰੋਧੀ ਕੈਂਪ ਦੀ ਗੱਲ ਸੁਣਨ ਨੂੰ ਮਿਲਦੀ ਹੈ ਕਿ ਇੱਕ ਵਾਰ ਕਾਲਜ ਦੇ ਪ੍ਰਧਾਨ ਨੂੰ ਬੁਲਾਉਂਦੇ ਹੋਏ ਪ੍ਰੋ. ਕਸਤੂਰੀ ਲਾਲ ਨੇ ਆਖਿਆ, "ਜੁਆਨਾ ਗੱਲ ਇਹ ਆ ਕਿ ਆਪਾਂ ਨਸ਼ਾ ਵਿਰੋਧੀ ਕੈਂਪ ਵਿਚ ਭਾਗ ਲੈਣਾ ਏ, ਤੂੰ ਸਵੇਰੇ ਵੱਧ ਤੋਂ ਵੱਧ ਸਟੂਡੈਂਟ ਲੈ ਕੇ ਹੀਰਾ ਗੇਟ 'ਤੇ ਪਹੁੰਚ ਜਾਣਾ। ਆਪਾਂ ਮੰਤਰੀ ਜੀ ਨੂੰ ਪੂਰਾ ਇਕੱਠ ਦਿਖਾਉਣਾ ਏ।" ਪ੍ਰਧਾਨ ਆਖਣ ਲੱਗਾ, "ਸਰ, ਸਟੂਡੈਂਟ ਤਾਂ ਜਿੰਨੇ ਕਹੋਗੇ ਉਨੇ ਹੀ ਆ ਜਾਣਗੇ ਪਰ...।" "ਪਰ ਕੀ" "ਸਰ, ਉਨ੍ਹਾਂ ਦਾ ਸੇਵਾ ਪਾਣੀ?" ਤਾਂ ਪ੍ਰੋਫੈਸਰ ਸਾਹਿਬ ਕਹਿਣ ਲੱਗੇ, "ਉਹ ਤੂੰ ਫਿਕਰ ਨਾ ਕਰ, ਮੈਂ 10 ਪੇਟੀਆਂ ਸ਼ਰਾਬ ਦੀਆਂ ਤੇ 50-60 ਸ਼ੀਸ਼ੀਆਂ ਲੱਸੀ (ਫੈਂਸੀ) ਲਿਆ ਕੇ ਰੱਖੀਆਂ ਹਨ।"

ਸੋ ਜੇਕਰ ਅਜਿਹੀ ਹੀ ਨਸ਼ਾ ਵਿਰੋਧੀ ਕੈਂਪ ਲਗਦੇ ਰਹੇ ਤਾਂ ਨਸ਼ਿਆਂ ਨੂੰ ਠੱਲ੍ਹ ਕਿਵੇਂ ਪਵੇਗੀ। ਨਸ਼ਿਆਂ ਦੇ ਸਰੱਹਦਾਂ ਤੋਂ ਲੈ ਕੇ ਨੌਜਵਾਨਾਂ ਦੀਆਂ ਜੇਬਾਂ 'ਚ ਪਹੁੰਚਣ ਤੱਕ ਪੁਲਿਸ, ਅਫ਼ਸਰਸ਼ਾਹੀ ਤੇ ਸਿਆਸੀ ਨੇਤਾਵਾਂ ਦੀ ਮਿਲੀਭੁਗਤ ਹੋਣੀ ਕੋਈ ਝੂਠੀ ਗੱਲ ਨਹੀਂ ਜਾਪਦੀ। ਇਨ੍ਹਾਂ ਦੀ ਮਿਲੀ ਭੁਗਤ ਤੋਂ ਬਗੈਰ ਐਡਾ ਵੱਡਾ ਕਾਲਾ-ਬਾਜ਼ਾਰ ਚਲਾਇਆ ਜਾਣਾ ਸੰਭਵ ਨਹੀਂ ਹੈ। ਇੱਕ ਨਾਮਵਰ ਅਖਬਾਰ ਦੇ ਮੁਤਾਬਕ ਮਾਝਾ 61%, ਮਾਲਵਾ 64% ਤੇ ਦੁਆਬਾ 68% ਨਸ਼ਿਆਂ ਦੀ ਮਾਰ ਹੇਠ ਆ ਚੁੱਕਾ ਹੈ। ਕੀ ਬਣੂੰਗਾ ਮੇਰੇ ਸੋਹਣੇ ਰੰਗਲੇ ਦੇਸ਼ ਪੰਜਾਬ ਦਾ। ਇਹ ਰੰਗਲਾ ਪੰਜਾਬ, ਸੋਹਣਾ ਦੇਸ ਪੰਜਾਬ, ਪੰਜ ਦਰਿਆਵਾਂ ਦੀ ਧਰਤੀ ! ਇਹ ਸਭ ਗੱਲਾਂ ਕਿਤਾਬਾਂ 'ਚ ਹੀ ਛਪੀਆਂ ਰਹਿ ਜਾਣਗੀਆਂ ਤੇ ਆਉਣ ਵਾਲੇ ਸਮੇਂ ਲੋਕ ਸੋਚਿਆ ਕਰਨਗੇ ਕਿ ਪੰਜਾਬ ਨਾਲ ਇਹ 'ਸੋਹਣਾ, ਰੰਗਲਾ, ਪੀਰਾਂ ਦੀ ਧਰਤੀ' ਆਦਿ ਸ਼ਬਦ ਕਿਉਂ ਵਰਤੇ ਜਾਂਦੇ ਹਨ।

ਨੌਜਵਾਨ ਵੀਰੋ, ਭੈਣੋ! ਜਾਗੋ, ਪੰਜਾਬ ਤਬਾਹੀ ਦੇ ਕੰਢੇ 'ਤੇ ਹੈ ਇਸ ਦੀ ਸੱਭਿਅਤਾ ਨੂੰ ਪੱਛਮੀ ਸੱਭਿਅਤਾ ਤੋਂ ਖਤਰਾ ਹੈ, ਇਸ ਦੀਆਂ ਜਵਾਨੀਆਂ ਨੂੰ ਨਸ਼ਿਆਂ ਤੋਂ ਖਤਰਾ ਹੈ, ਵਸੋਂ ਵੱਧ ਰਹੀ ਹੈ, ਬੇਰੁਜ਼ਗਾਰੀ ਵਧ ਰਹੀ ਹੈ, ਕੁਰੱਪਸ਼ਨ ਵਧ ਰਿਹਾ ਹੈ। ਮੋਹ-ਪਿਆਰ ਦੇ ਰਿਸ਼ਤੇ-ਨਾਤੇ ਟੁੱਟਦੇ ਜਾ ਰਹੇ ਹਨ। ਇਸ ਨੂੰ ਤੁਸੀਂ ਹੀ ਬਚਾ ਸਕਦੇ ਹੋ।ਹੁਣ ਹਰ ਜ਼ਿੰਮੇਵਾਰ ਨਾਗਰਿਕ ਦਾ ਫਰਜ਼ ਬਣਦਾ ਹੈ ਕਿ ਉਹ ਪੰਜਾਬ ਦੇ ਸੱਭਿਆਚਾਰਕ ਨੂੰ ਬਚਾਉਣ ਲਈ, ਨਸ਼ਿਆਂ ਨੂੰ ਠੱਲ੍ਹ ਪਾਉਣ ਲਈ, ਬੇਰੁਜ਼ਗਾਰੀ ਘਟਾਉਣ ਲਈ ਸਮਾਜ ਸੇਵੀ ਸੰਸਥਾਵਾਂ ਦਾ ਸਹਿਯੋਗ ਦੇਣ। ਸਮਾਜ ਸੇਵੀ ਸੰਸਥਾਵਾਂ ਨੂੰ ਵੀ ਚਾਹੀਦਾ ਹੈ ਕਿ ਉਹ ਆਪਣਾ ਫਰਜ਼ ਪਛਾਣਦੇ ਹੋਏ ਮੂਹਰੇ ਲੱਗ ਕੇ ਸੂਝਵਾਨ ਲੋਕਾਂ ਨੂੰ ਆਪਣੇ ਵਿੱਚ ਸ਼ਾਮਲ ਕਰ ਕੇ ਨਸ਼ਿਆਂ ਦੇ ਖਿਲਾਫ਼ ਜ਼ੋਰਦਾਰ ਆਵਾਜ਼ ਉਠਾਉਣ, ਰੁਜ਼ਗਾਰ ਮੁਹੱਈਆ ਕਰਵਾਉਣ ਦੇ ਯੋਗ ਉਪਰਾਲੇ ਕਰਨ। ਵਿਦੇਸ਼ੀ ਪੂੰਜੀ ਨਿਵੇਸ਼ਕਾਂ ਨੂੰ ਅਪੀਲ ਕੀਤੀ ਜਾਵੇ ਕਿ ਉਹ ਭਾਰਤ 'ਚ ਲਾਏ ਜਾਣ ਵਾਲੇ ਉਦਯੋਗਾਂ 'ਚ ਭਾਰਤੀ ਲੋਕਾਂ ਨੂੰ ਨਿਯੁਕਤ ਕਰਨ। ਬੱਚਿਆਂ ਨੂੰ ਨਸ਼ਿਆਂ ਦੀ ਬੁਰਾਈ ਤੋਂ ਜਾਣੂ ਕਰਵਾ ਕੇ ਖੇਡਾਂ ਵੱਲ ਪ੍ਰੇਰਿਤ ਕੀਤਾ ਜਾਵੇ ਤਾਂ ਹੀ ਨਰੋਏ ਸਮਾਜ ਦੀ ਸਿਰਜਣਾ ਹੋ ਸਕਦੀ ਹੈ।

E-Mail : bhawandeep@rediffmail.com

www.mehakwatandilive.com

ਧਾਰਮਿਕ ਪ੍ਰੋਗਰਾਮ, ਖੇਡ ਮੇਲੇ ਅਤੇ ਸਾਹਿਤਕ ਸਮਾਗਮਾ ਦਾ "ਮਹਿਕ ਵਤਨ ਦੀ ਲਾਈਵ" ਵੈਬ ਟੀ.ਵੀ. ਤੇ ਲਾਈਵ ਟੈਲੀਕਾਸਟ ਕਰਵਾਉਣ ਲਈ ਸੰਪਰਕ ਕਰੋ:




Help Line: 9988 92 9988

**ਵਿਸ਼ੇਸ਼ ਨੋਟ** : 1. 'ਮਹਿਕ ਵਤਨ ਦੀ ਲਾਈਵ' ਪੇਪਰ ਵਿੱਚ ਛਪਣ ਵਾਲੀਆਂ ਸਾਰੀਆਂ ਰਚਨਾਵਾਂ ਵਿੱਚ ਨਾਮ ਅਤੇ ਸਥਾਨ ਫਰਜ਼ੀ ਹੁੰਦੇ ਹਨ। ਜੇਕਰ ਕਿਸੇ ਜਿਉਂਦੇ ਜਾਂ ਮਰ ਚੁੱਕੇ ਵਿਅਕਤੀ ਨਾਲ ਮਿਲ ਜਾਣ ਤਾਂ ਇਹ ਇੱਕ ਸੰਯੋਗ ਹੀ ਸਮਝਣਾ ਚਾਹੀਦਾ ਹੈ ਅਦਾਰਾ ਇਸ ਦਾ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੋਵੇਗਾ। 2. 'ਮਹਿਕ ਵਤਨ ਦੀ ਲਾਈਵ' ਸਿਰਫ ਪੰਜਾਬੀ ਪੇਪਰ ਹੈ ਜਿਸ ਦਾ ਕਿਸੇ ਵੀ ਸਿਆਸੀ ਪਾਰਟੀ ਨਾਲ ਕੋਈ ਸਬੰਧ ਨਹੀਂ ਹੈ। 3. ਵਿਦੇਸ਼ਾਂ ਵਿੱਚ ਪੇਪਰ ਮੰਗਵਾਉਣ ਲਈ ਆਪਣਾ ਪਤਾ ਅੰਗਰੇਜ਼ੀ ਦੇ ਵੱਡੇ ਅੱਖਰਾਂ ਵਿੱਚ ਲਿਖ ਕੇ ਭੇਜਿਆ ਜਾਵੇ। 4. ਹਰ ਪ੍ਰਕਾਰ ਦਾ ਚੰਦਾ 'ਮਹਿਕ ਵਤਨ ਦੀ' ਦੇ ਨਾਮ ਤੇ ਭੇਜਿਆ ਜਾਵੇ ਜੋ ਮੋਗਾ ਪੰਜਾਬ ਵਿਚ ਭੁਗਤਾਉਣ ਯੋਗ ਹੋਵੇ। 5. ਇਸ਼ਤਿਹਾਰ ਦੇ ਮੈਟਰ ਬਾਰੇ ਅਦਾਰਾ ਜ਼ਿੰਮੇਵਾਰ ਨਹੀਂ ਹੋਵੇਗਾ। 6. 'ਮਹਿਕ ਵਤਨ ਦੀ' ਨਾਲ ਸਬੰਧਤ ਹਰ ਕਿਸਮ ਦੇ ਕਾਨੂੰਨੀ ਝਗੜੇ ਦਾ ਨਿਪਟਾਰਾ ਸਿਰਫ ਜ਼ਿਲ੍ਹਾ ਅਦਾਲਤ ਮੋਗਾ ਵਿੱਚ ਹੀ ਕੀਤਾ ਜਾਵੇਗਾ। 7. ਜੇਕਰ ਕਿਸੇ ਨੂੰ 'ਮਹਿਕ ਵਤਨ ਦੀ ਲਾਈਵ' ਪੇਪਰ ਦੇ ਸਬੰਧਤ ਮੈਟਰ ਤੇ ਕਿਸੇ ਪ੍ਰਕਾਰ ਦਾ ਇਤਰਾਜ਼ ਹੋਵੇ ਤਾਂ ਉਹ ਪੇਪਰ ਛਪਣ ਤੋਂ 15 ਦਿਨਾਂ ਦੇ ਅੰਦਰ -ਅੰਦਰ ਆਪਣੇ ਇਤਰਾਜ਼ ਪ੍ਰਗਟ ਕਰ ਸਕਦਾ ਹੈ ਇਸ ਤੋਂ ਬਾਅਦ ਅਦਾਰਾ ਜ਼ਿੰਮੇਵਾਰ ਨਹੀਂ ਹੋਵੇਗਾ। 8. ਸੰਪਾਦਕ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

**ਲੇਖਕਾਂ ਪ੍ਰਤੀ** 1. 'ਮਹਿਕ ਵਤਨ ਦੀ ਲਾਈਵ' ਲਈ ਰਚਨਾਵਾਂ ਭੇਜਣ ਸਮੇਂ ਲੇਖਕਾਂ ਲਈ ਜ਼ਰੂਰੀ ਹੈ ਕਿ ਆਪਣੀ ਰਚਨਾ ਤਸਦੀਕ ਕਰਕੇ ਭੇਜਣ ਕਿ ਇਹ ਰਚਨਾ ਉਹਨਾਂ ਦੀ ਮੌਲਿਕ ਰਚਨਾ ਹੈ। 2. ਰਚਨਾਵਾਂ ਭੇਜਦੇ ਸਮੇਂ ਉਸ ਦੀ ਕਾਪੀ ਆਪਣੇ ਕੋਲ ਜ਼ਰੂਰ ਰੱਖ ਲਵੋ, ਰਚਨਾ ਵਾਪਸ ਨਹੀਂ ਭੇਜੀ ਜਾਵੇਗੀ, ਨਾ ਛਪਣਯੋਗ ਰਚਨਾ ਉਸ ਸੂਰਤ ਵਿੱਚ ਵਾਪਸ ਭੇਜੀ ਜਾਵੇਗੀ ਅਗਰ ਟਿਕਟ ਲੱਗਾ ਅਡਰੈਸ ਕੀਤਾ ਲਿਫ਼ਾਫਾ ਨਾਲ ਹੋਵੇਗਾ। 3. ਰਚਨਾਵਾਂ ਪੇਜ਼ ਦੇ ਇਕ ਪਾਸੇ ਸਾਫ ਸਾਫ ਕਰਕੇ ਲਿਖੀਆਂ ਜਾਣ ਜਾਂ ਟਾਈਪ ਕਰਕੇ ਭੇਜੀਆਂ ਜਾਣ ਜਾਂ ਈਮੇਲ ਅਡਰੈਸ 'ਤੇ ਭੇਜੀਆਂ ਜਾਣ। 4. ਕਿਸੇ ਵੀ ਲੇਖਕ ਨੂੰ ਉਸ ਦੀਆਂ ਰਚਨਾਵਾਂ ਦੀ ਕੋਈ ਕੀਮਤ ਨਹੀਂ ਦਿੱਤੀ ਜਾਂਦੀ ਹੈ।

ਟਾਈਟਲ ਡਿਜ਼ਾਇਨਿੰਗ : WP&S
ਮੈਗਜ਼ੀਨ, ਕਿਤਾਬਾਂ, ਪੋਸਟਰ, ਕੈਲੰਡਰ, ਸਕੂਲਾਂ ਨਾਲ ਸੰਬੰਧਤ ਹਰ ਤਰ੍ਹਾਂ ਦਾ ਕੰਮ ਕਰਵਾਉਣ ਲਈ ਸੰਪਰਕ ਕਰੋ।
ਮੋ. 98153-78692

ਵਿਸ਼ੇਸ ਨੋਟ
'ਮਹਿਕ ਵਤਨ ਦੀ ਲਾਈਵ' ਪੇਪਰ ਸਬੰਧੀ ਹਰ ਪ੍ਰਕਾਰ ਦੀ ਜਾਣਕਾਰੀ ਲਈ Help Line: (+91) 9988-92-9988 ਤੇ
ਸਿਰਫ ਸਵੇਰੇ 10 ਵਜੇ ਤੋ ਸ਼ਾਮ 5 ਵਜੇ ਤੱਕ
ਹੀ ਸੰਪਰਕ ਕੀਤਾ ਜਾਵੇ।